# ANGEL'S PUBLIC SCHOOL

Strive for Perfection

## SAMPLE PAPER

**PERIODIC TEST – I SESSION 2024 – 25**

**CLASS – X CODE – 004**

**TIME : 2 HRS SUBJECT : PUNJABI M.M:40**

**ਨੋਟ - ਸਾਰੇ ਪ੍ਰਸ਼ਨ ਜ਼ਰੂਰੀ ਹਨ । ਲਿਖਾਈ ਸਾਫ਼ - ਸੁਥਰੀ ਕਰੋ ।**

**ਭਾਗ - ੳ**

**(੧) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ ।** (2.5)

ਮਨੁੱਖੀ ਦਿਮਾਗ਼ ਨੇ ਕੰਪਿਊਟਰ ਦੀ ਕਾਢ ਕੱਢ ਕੇ ਨਵੇਂ ਦਿਮਾਗ਼ ਦੀ ਸਿਰਜਣਾ ਕਰ ਲਈ ਹੈ ਅਤੇ ਕੰਪਿਊਟਰ ਨੇ ਮਨੁੱਖ ਦੇ ਅਨੇਕਾਂ ਕੰਮ ਕਰ ਦਿੱਤੇ ਹਨ। ਸਿੱਖਿਆ ਦੇ ਖੇਤਰ ਵਿੱਚ ਵੀ ਕੰਪਿਊਟਰ ਇੱਕ ਵੱਖਰਾ ਵਿਸ਼ਾ ਬਣ ਗਿਆ ਹੈ। ਇਸ ਦੀ ਜਾਣਕਾਰੀ ਤੋਂ ਬਿਨਾਂ ਅਜੋਕੇ ਵਿਦਿਆਰਥੀ ਦਾ ਗਿਆਨ ਅਧੂਰਾ ਸਮਝਿਆ ਜਾਂਦਾ ਹੈ। ਇਸੇ ਲਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕੰਪਿਊਟਰ ਬਾਰੇ ਮੁਢਲੀ ਜਾਣਕਾਰੀ ਦਿੱਤੀ ਜਾਂਦੀ ਹੈ। ਨੈੱਟਵਰਕ ਰਾਹੀਂ ਇਹ ਮਸ਼ੀਨ ਮਨੁੱਖ ਦਾ ਨਾਤਾ ਪੂਰੀ ਦੁਨੀਆ ਨਾਲ ਜੋੜ ਦਿੰਦੀ ਹੈ। ਕੰਪਿਊਟਰ ਸਮਾਜ ਵਰਤਾਰੇ ਦੀ ਅਜਿਹੀ ਨਾੜ ਬਣ ਗਿਆ ਹੈ ਕਿ ਜੇਕਰ ਇਸ ਨੂੰ ਕੱਟ ਦੇਈਏ ਤਾਂ ਸਾਰੇ ਸਮਾਜ ਨੂੰ ਲਕਵਾ ਮਾਰ ਸਕਦਾ ਹੈ। ਸਮਾਜ ਦੇ ਸਾਰੇ ਕੰਮ ਰੁਕ ਸਕਦੇ ਹਨ। ਇਸ ਨਿੱਕੀ ਜਿਹੀ ਮਸ਼ੀਨ ਦੀ ਕਾਢ ਤਕ ਪੁਜਦਿਆਂ ਸਮਾਜਕ ਵਰਤਾਰੇ ਵਿੱਚ ਢੇਰ ਤਬਦੀਲੀ ਆਈ ਹੈ ਅਤੇ ਆ ਰਹੀ ਹੈ। ਬੱਚਿਆਂ ਤੋਂ ਬਚਪਨ ਦੀਆਂ ਬੇਪ੍ਰਵਾਹੀਆਂ ਖੁੱਸ ਗਈਆਂ ਹਨ। ਬਚਪਨ ਦੀਆਂ ਖੇਡਾਂ ਹੁਣ ਇਤਿਹਾਸ ਬਣ ਗਈਆਂ ਹਨ। ਖਿੱਦੋ-ਖੂੰਡੀ, ਬਾਂਦਰ-ਟਿੱਲਾ, ਕਬੱਡੀ, ਬੰਟੇ, ਗੀਟ੍ਹੇ ਆਦਿ ਖੇਡਾਂ ਦੀ ਜਾਣਕਾਰੀ ਹਾਸਲ ਕਰਨ ਲਈ ਹੁਣ ਬੱਚਿਆਂ ਨੂੰ ਕਿਤਾਬਾਂ ਦੇ ਪੰਨੇ ਫਰੋਲਣੇ ਪੈ ਸਕਦੇ ਹਨ। ਹੁਣ ਅਜਿਹੀਆਂ ਖੇਡਾਂ ਨੇ ਥਾਂ ਲੈ ਲਈ ਹੈ ਜਿਹੜੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਪਾਰ ਨਾਲ ਜੁੜੀਆਂ ਹਨ। ਕੰਪਿਊਟਰ ਨੇ ਬੱਚਿਆਂ ਤੋਂ ਉਹਨਾਂ ਦੀਆਂ ਮੈਦਾਨੀ ਖੇਡਾਂ ਖੋਹ ਲਈਆਂ ਹਨ।

ਉਪਰੋਕਤ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖ ਦਿਓ :

ਪ੍ਰਸ਼ਨ 1. ਨਵਾਂ ਦਿਮਾਗ਼ ਕਿਹੜਾ ਹੈ ਤੇ ਉਸ ਦੀ ਕਾਢ ਕਿਸ ਨੇ ਕੱਢੀ ਹੈ ?

ਪ੍ਰਸ਼ਨ 2. ਕੰਪਿਊਟਰ ਨੇ ਬੱਚਿਆਂ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ ?

ਪ੍ਰਸ਼ਨ 3. ਮੈਦਾਨੀ ਖੇਡਾਂ ਤੋਂ ਕੀ ਭਾਵ ਹੈ ? ਇੱਥੇ ਕਿਹੜੀਆਂ-ਕਿਹੜੀਆਂ ਮੈਦਾਨੀ ਖੇਡਾਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 4. ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

**(੨) ਹੇਠ ਲਿਖੀ ਕਾਵਿ ਟੁਕੜੀ ਪੜ੍ਹ ਪ੍ਰਸ਼ਨਾਂ ਦੇ ਉੱਤਰ ਦਿਓ ।** (2.5)

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ
ਪੁੰਗਰੀਆਂ ਵੈਲਾਂ, ਵੇਲਾਂ ਰੁੱਖੀਂ ਚੜ੍ਹੀਆਂ
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

ਪ੍ਰਸ਼ਨ 1. ਬਹਾਰ ਦੇ ਆਉਣ ਨਾਲ ਕੀ ਹੋਇਆ ?

ਪ੍ਰਸ਼ਨ 2. ਬੇਰੀਆਂ ਕਿਉਂ ਲਿਫ ਗਈਆਂ ਹਨ ?

ਪ੍ਰਸ਼ਨ 3. ਕਵੀ ਕਿਸ ਨੂੰ ਤੇ ਕੀ ਕਹਿ ਕੇ ਸੰਬੋਧਨ ਕਰ ਰਿਹਾ ਹੈ ?

## <u>ਵਿਆਕਰਨ</u> (ਬਹੁਵਿਕਲਪੀ)

**(3) ਕਿਰਿਆ ਵਿਸ਼ੇਸ਼ਣ ਨਾਲ ਸੰਬੰਧਿਤ ਬਹੁਵਿਕਲਪੀ ਪ੍ਰਸ਼ਨ ਕੋਈ ਚਾਰ ਕਰੋ ।** (2)

**(ੳ)** ਕਿਰਿਆ - ਵਿਸ਼ੇਸ਼ਣ ਦੀਆਂ ਕਿੰਨੀਆਂ ਅਵਸਥਾਵਾਂ ਹਨ ?

(1) ਛੇ (2) ਸੱਤ (3) ਤਿੰਨ

**(ਅ)** ਕਿਰਿਆ ਦੀ ਗਿਣਤੀ ਜਾਂ ਮਿਕਦਾਰ ਦਰਸਾਉਣ ਵਾਲ਼ੇ ਕਿਰਿਆ - ਵਿਸ਼ੇਸ਼ਣਾ ਦਾ ਨਾਂ ਦੱਸੋ ।

(1) ਪਰਿਮਾਣ ਵਾਚਕ ਕਿਰਿਆ ਵਿਸ਼ੇਸ਼ਣ (2) ਗਿਣਤੀ ਵਾਚਕ ਕਿਗਿਰਆ ਵਿਸ਼ੇਸ਼ਣ

(3) ਕਾਰਨ - ਵਾਚਕ ਕਿਰਿਆ ਵਿਸ਼ੇਸ਼ਣ (4) ਤਾਕੀਦ - ਵਾਚਕ ਕਿਰਿਆ ਵਿਸ਼ੇਸ਼ਣ

**(ੲ)** ਇਸ ਲਈ ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਵੰਨਗੀ ਹੈ ?

(1) ਕਾਰਨ ਵਾਚਕ (2) ਕਾਲ ਵਾਚਕ (3) ਨਿਰਣਾ ਵਾਚਕ (4) ਗਿਣਤੀ ਵਾਚਕ

**(ਸ)** ਹੇਠ ਲਿਖਿਆਂ ਵਿੱਚੋਂ ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ ਚੁਣੋ :-

(1) ਤੇਜ਼ - ਤੇਜ਼ (2) ਵੇਲ਼ੇ - ਕੁਵੇਲ਼ੇ (3) ਚੌਥਾ, ਥੋੜਾ, ਵੱਧ (4) ਘੜੀ - ਮੁੜੀ

**(ਹ)** ਉਹ ਬੜਾ ਮਿਹਨਤੀ ਹੈ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ -

(1) ਦੌੜਦਾ (2) ਮਿਹਨਤੀ (3) ਉਹ (4) ਬੜਾ

**(4) ਮੁਹਾਵਰਿਆਂ ਨਾਲ਼ ਸੰਬੰਧਿਤ। (ਕੋਈ ਚਾਰ ਕਰੋਂ)** (4x1=4)

**(ੳ)** ਕੱਚਾ ਕਰਨਾ **(ਅ)** ਕਲਮ ਦਾ ਧਨੀ ਹੋਣਾ

**(ੲ)** ਖਬਰ ਲੈਣੀ **(ਸ)** ਖਾਣ ਨੂੰ ਪੈਣਾ **(ਸ)** ਕੰਘਾ ਹੋ ਜਾਣਾ

**(5)** ਸਮਾਸੀ ਸ਼ਬਦਾਂ ਨਾਲ਼ ਸੰਬੰਧਿਤ ਬਹੁਵਿਕਲਪੀ ਪ੍ਰਸ਼ਨ । (2)

**(ੳ)** ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ ?

(1) ਨਵੀ - ਟੈਂਕੀ (2) ਉੱਚੀ - ਉੱਚੀ (3) ਹਜ਼ਾਰ - ਲੀਟਰ (4) ਕਾਫ਼ੀ - ਚਿਰ

**(ਅ)** ਜੰਝ ਅਤੇ ਘਰ ਤੋਂ ਕਿਹੜਾ ਸਮਾਸੀ ਸ਼ਬਦ ਬਣੇਗਾ ।

(1) ਜੰਝ ਵਾਲਾ ਘਰ (2) ਜੰਝ ਦਾ ਘਰ (3) ਜੰਝ - ਘਰ (4) ਜੰਝ ਘਰ

**(ੲ)** ਸਮਾਸੀ ਸ਼ਬਦ ਕਿਹੜਾ ਹੈ ?

(1) ਕਾਰ (2) ਸਰਸੋਂ (3) ਆਈ (4) ਕਾਰ - ਵਿਹਾਰ

**(ਸ)** ਊਟ ________ ਸਮਾਸੀ ਸ਼ਬਦ ਭਰੋ ।

(1) ਜਲੂਲ (2) ਸੁੱਘ (3) ਪਟਾਂਗ (4) ਮਟੋਲ

## <u>ਪਾਠ - ਪੁਸਤਕਾਂ ਤੇ ਅਧਾਰਿਤ ਬਹੁਵਿਕਲਪੀ</u>

**(1)** ਮਨੁੱਖ ਦਾ ਆਚਰਨ ਕਿੱਥੋਂ ਬਣਾ ਹੈ ? (4x1=4)

(ੳ) ਘਰ ਵਿੱਚ (ਅ) ਸਕੂਲ ਵਿੱਚ (ੲ) ਸਮਾਜ ਵਿੱਚ (ਸ) ਆਲ਼ੇ ਦੁਆਲ਼ੇ ਵਿੱਚ

**(2)** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜੇ ਧਰਮ ਦੀ ਨੀਂਹ ਰੱਖੀ ?

(ੳ) ਹਿੰਦੂ (ਅ) ਮੁਸਲਿਮ (ੲ) ਸਿੱਖ (ਸ) ਕੋਈ ਵੀ ਨਹੀ

**(3)** ਬੋਲੀ ਲੇਖ ਕਿਸਦੀ ਰਚਨਾ ਹੈ ?

(ੳ) ਨਰਿੰਦਰ ਸਿੰਘ (ਅ) ਸ਼ ਗੁਰਬਖ਼ਸ਼ ਸਿੰਘ (ੲ) ਉੱਤਮ ਸਿੰਘ (ਸ) ਪ੍ਰਿ੦ ਤੇਜਾ ਸਿੰਘ

**(4)** ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ।

(ੳ) 1552 ਈ ਵਿੱਚ (ਅ) 1469 ਈ ਵਿੱਚ (ੲ) 1559 ਈ ਵਿੱਚ (ਸ) 1558 ਈ ਵਿੱਚ

## ਭਾਗ - ਅ (ਵਰਨਣਾਤਮਕ ਪ੍ਰਸ਼ਨ)

## ਪਾਠ - ਪੁਸਤਕ ਤੇ ਅਧਾਰਿਤ

**(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20 - 25 ਸ਼ਬਦਾਂ ਵਿੱਚ ਦਿਓ -** (5x2=10)

**(ੳ)** 'ਕਿਰਪਾ ਕਰਿ ਕੈ ਬਖਸਿ ਲੈਹੁ ਵਿੱਚ ਪਰਮਾਤਮਾ ਅੱਗੇ ਸਾਡੀ ਕੀ ਅਰਦਾਸ ਹੈ ?

**(ਅ)** ਘਰ ਦਾ ਪਿਆਰ ਨਾਂ ਦੇ ਲੇਖ ਦਾ ਉਦੇਸ਼ ਕੀ ਹੈ ?

**(ੲ)** 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਇਸਤਰੀ ਦੀ ਮਹਾਨਤਾ ਦੱਸੀ ਗਈ ਹੈ, ਸੰਖੇਪ ਵਿੱਚ ਦਸੋ ।

**(ਸ)** ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮੱਹਤਵ ਹੈ ?

**(ਹ)** ਬੋਲੀ ਦਾ ਖਜ਼ਾਨਾ ਕਿੱਥੋਂ ਜੁੜਨਾ ਸ਼ੁਰੂ ਹੁੰਦਾ ਹੈ ?

**(7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40 - 50 ਸ਼ਬਦਾਂ ਵਿੱਚ ਦਿਓ ।** (3x1=3)

'ਸੋ ਕਿਉ ਮੰਦਾ ਆਖੀਐ' ਵਿੱਚ ਸ਼ਬਦ ਦਾ ਸਾਰ ਲਿਖੋ ।

**ਜਾਂ**

ਕਿਰਪਾ ਕਰਕੇ ਬਖਸਿ਼ ਲੈਹੁ ਕਵਿਤਾ ਬਾਰੇ ਲਿਖੋ ।

(8) ਭਰੂਣ ਹੱਤਿਆ ਜਾਂ ਮਨ ਜੀਤੇ ਜਗ ਜੀਤੈ (5x1=5)

ਲੇਖ ਬਾਰੇ ਚਰਚਾ ਕਰੋ ।

<u>ਨੁਕਤੇ</u> - ਮਨ ਜੀਤੈ ਜਗਜਿਤ ਭੂਮਿਕਾ, ਮਨ ਦੇ ਭਾਵ, ਜਨਮ ਤੋਂ ਸੁੱਖ ਦੀ ਇੱਛਾ, ਜਗ ਨੂੰ ਮਨ ਅਨੁਕੂਲ ਕਰਨਾ, ਮਨ ਜਿੱਤਣ ਦੀ ਲੋੜ, ਮਨ ਨੂੰ ਕਿਵੇ ਜਿੱਤਿਆ ਜਾਵੇ, ਹਿੰਸਾ ਨਾਲ਼ ਜੱਗ ਨਹੀਂ ਜਿੱਤਿਆ ਜਾਂਦਾ, ਮਨ ਦੀ ਜਿੱਤ ਮੁਸ਼ਕਲ ਘਾਟੀ, ਮਨ ਦੇ ਜੇਤੂ, ਸਾਰਾਂਸ

<u>ਨੁਕਤੇ</u> :- ਭੂਮਿਕਾ, ਭਰੂਣ ਹੱਤਿਆ ਤੋਂ ਭਾਵ, ਮਸ਼ੀਨਾਂ ਦੀ ਦੁਵਰਤੋਂ, ਮਰਦ - ਪ੍ਰਧਾਨ ਸਮਾਜ ਦੀ ਦੇਣ, ਸੰਤੁਲਨ ਵਿੱਚ ਵਿਗਾੜ, ਵਿਰੋਧਾਭਾਸ, ਅਜੋਕੀ ਸਥਿਤੀ, ਭਰੂਣ ਹੱਤਿਆ ਨੂੰ ਰੋਕਿਆ ਜਾਵੇ, ਸਾਰਾਂਸ

(9) ਆਪਣੇ ਪਿਤਾ ਜੀ ਨੂੰ ਚਿੱਠੀ ਲਿਖੋ ਜਿਸ ਵਿੱਚ ਇਹ ਦੱਸੋ ਕਿ ਦੱਸਵੀ ਪਾਸ ਕਰਨ ਉਪਰੰਤ ਤੁਸੀਂ ਕੀ ਕਰਨਾ ਚਾਹੁੰਦੇ ਹੋ । (5)

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸੈਕਸ਼ਨ ਬਦਲਣ ਲਈ ਬਿਨੈ - ਪੱਤਰ ਲਿਖੋ ।